# ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ

ਫੋਨ ਨੰ: 0172-5015865, ਫੈਕਸ ਨੰ: 0172-2624687 ਈ.ਮੇਲ ssapunjab@yahoo.com

ਵੱਲ,

i) ਸਮੂਹ ਜ਼ਿਲਾ ਸਿੱਖਿਆ ਅਫਸਰ ਐ:ਸਿ/ਸੈ:ਸਿ ਪੰਜਾਬ
ii) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪੰਜਾਬ।
iii) ਸਮੂਹ ਸਕੂਲ ਮੁਖੀ ਪੰਜਾਬ ।

ਮੀਮੋ ਨੰ:ਐਸ.ਐਸ.ਏ/2012/ਐਡਮਨ/ 86960
ਮਿਤੀ -11/10/12

ਵਿਸ਼ਾ :- ਦਫਤਰੀ ਕੰਮ ਲਈ ਈ-ਮੇਲ ਦੀ ਵੱਧ ਤੋਂ ਵੱਧ ਵਰਤੋਂ ਕਰਨ ਸੰਬੰਧੀ ਹਦਾਇਤਾਂ।

---

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ।

2. ਵਿਸ਼ੇ ਦੇ ਸੰਬੰਧ ਵਿੱਚ ਆਪ ਦਾ ਧਿਆਨ ਇਸ ਦਫਤਰ ਦੇ ਪੱਤਰ ਨੰ: ਕੋਆਡੀਨੇਸ਼ਨ/2012/83168 ਮਿਤੀ 06.07.2012 ਅਤੇ ਪੱਤਰ ਨੰ: ਸਸਅ/2012/ਐਮ.ਆਈ.ਐਸ/084522-25 ਮਿਤੀ 28.08.2012 ਵੱਲ ਦਿਵਾਇਆ ਜਾਂਦਾ ਹੈ। ਇਨ੍ਹਾਂ ਹਵਾਲਾ ਅਧੀਨ ਪੱਤਰਾਂ ਰਾਹੀਂ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਸੀ ਕਿ ਈ-ਮੇਲ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ ਕਿਉਂਕਿ ਅਜਿਹਾ ਕਰਨ ਨਾਲ ਸਮੇਂ ਅਤੇ ਪੇਪਰ ਦੀ ਬੱਚਤ ਹੁੰਦੀ ਹੈ। ਇਨ੍ਹਾਂ ਪੱਤਰਾਂ ਰਾਹੀਂ ਇਹ ਵੀ ਲਿਖਿਆ ਗਿਆ ਸੀ ਕਿ ਜਦੋਂ ਈ-ਮੇਲ ਰਾਹੀਂ ਸੂਚਨਾ ਭੇਜਣ ਦੀ ਸਹੂਲਤ ਉਪਲਬਧ ਹੋਵੇ ਤਾਂ ਹਾਰਡ ਕਾਪੀ ਦੀ ਮੰਗ ਨਾ ਕੀਤੀ ਜਾਵੇ ਅਤੇ ਹਾਰਡ ਕਾਪੀ ਉਸੀ ਹਾਲਤ ਵਿੱਚ ਮੰਗਵਾਈ ਜਾਵੇ ਜਿੱਥੇ ਕਿਤੇ ਇੰਟਰਨੈਟ ਆਦਿ ਦੀ ਸਹੂਲਤ ਉਪਲਬਧ ਨਾ ਹੋਵੇ।

3. ਲੇਕਿਨ ਇਹ ਧਿਆਨ ਵਿੱਚ ਆਇਆ ਹੈ ਕਿ ਅਜੇ ਵੀ ਕਈ ਅਧਿਕਾਰੀਆਂ ਵੱਲੋਂ ਈ-ਮੇਲ ਦੇ ਨਾਲ ਹਾਰਡ ਕਾਪੀ ਦੀ ਮੰਗ ਕੀਤੀ ਜਾ ਰਹੀ ਹੈ ਜਦੋਂ ਕਿ ਅਜਿਹਾ ਕਰਨਾ ਲੋੜੀਂਦਾ ਨਹੀਂ ਹੁੰਦਾ। ਇਸ ਲਈ ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਕੋਈ ਵੀ ਅਧਿਕਾਰੀ ਈ-ਮੇਲ ਮਿਲਣ ਉਪਰੰਤ ਹਾਰਡ ਕਾਪੀ ਦੀ ਮੰਗ ਨਾ ਕਰੇ। ਜੇਕਰ ਈ-ਮੇਲ ਸਹੂਲਤ ਹੋਣ ਦੇ ਬਾਵਜੂਦ ਵੀ ਕੋਈ ਦਫਤਰ ਹਾਰਡ ਕਾਪੀ ਡਾਕ ਰਾਹੀਂ ਮੰਗਵਾਉਂਦਾ ਹੈ ਤਾਂ ਸੰਬੰਧਤ ਅਧਿਕਾਰੀ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਜੇਕਰ ਕੋਈ ਅਧਿਕਾਰੀ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰੇ ਤਾਂ ਮਾਮਲਾ ਨਿਮਨਲਿਖਤ ਈ-ਮੇਲ ਪਤੇ ਤੇ ਨੋਟਿਸ ਵਿੱਚ ਲਿਆਂਦੀ ਜਾਵੇ:-

ssapunjab@punjab.gov.in

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਪਿਠ ਅੰਕਣ ਨੰ: ਐਸ.ਐਸ.ਏ/2012/ਐਡਮਨ/ 86960 ਮਿਤੀ -11/10/12

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਅਤੇ (ਐ:ਸਿ) ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ, ਚੰਡੀਗੜ੍ਹ।
3. ਸਮੂਹ ਮੰਡਲ ਸਿੱਖਿਆ ਅਫਸਰ ਪੰਜਾਬ।
4. ਸਮੂਹ ਕੰਪੋਨੈਂਟ ਮੁਖੀ ਐਸ.ਐਸ.ਏ., ਆਰ.ਐਮ.ਐਸ.ਏ., ਮਿਡ-ਡੇ-ਮੀਲ, ਐਜੂਸੈਟ,ਪਿਕਟਸ, ਪੀ.ਈ.ਡੀ.ਬੀ ਆਦਿ ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ